Ph.D. Punjabi - 2017



1. ਭਾਸ਼ਾ ਕੀ ਹੈ ?
   A) ਭਾਸ਼ਾ ਇਕ ਮਨੁੱਖੀ ਕਿਰਿਆ ਹੈ
   B) ਰੱਬੀ ਦਾਤ ਹੈ
   C) ਸਭਿਆਚਾਰਕ ਦੇਣ ਹੈ
   D) ਸਮਾਜ ਵਿਗਿਆਨਕ ਦੇਣ ਹੈ

2. ਭਾਸ਼ਾਈ ਪ੍ਰਕਿਰਤੀ ਦਾ ਸੰਬੰਧ ਹੈ :
   A) ਉਚਾਰ ਦੀ ਰੇਖਕੀ ਲੜੀ
   B) ਵਿਸਥਾਪਨ
   C) ਅੰਤਰ ਵਟਾਂਦਰਾ
   D) ਆਪਹੁਦਰਾਪਣ

3. 'ਉਪਭਾਸ਼ਾ' ਨਾਲ ਸਬੰਧਤ ਕਿਹੜਾ ਜੁੱਟ ਸਹੀ ਹੈ :
   i) ਭੂਗੋਲਿਕ ਵੰਡ
   ii) ਸਮਾਜਿਕ ਵੰਡ
   iii) ਰੂਪ ਵੰਡ
   iv) ਦੁਭਾਸ਼ਿਕਤਾ

   A) (i) ਤੇ (iv)
   B) (i) ਤੇ (ii)
   C) (ii) ਤੇ (iii)
   D) (iii) ਤੇ (iv)

4. ਭਾਸ਼ਾਈ ਪਰਿਵਾਰ ਦਾ ਵਿਕਾਸ ਕ੍ਰਮ ਦੱਸੋ :
   A) ਵੇਦਿਕ ਸੰਸਕ੍ਰਿਤ, ਕਲਾਸੀਕਲ ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ, ਸਾਹਿਤਕ ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ
   B) ਸਾਹਿਤਕ ਪ੍ਰਾਕ੍ਰਿਤਾਂ, ਪਾਲੀ ਪ੍ਰਾਕ੍ਰਿਤ, ਅਪਭ੍ਰੰਸ਼, ਵੇਦਿਕ ਸੰਸਕ੍ਰਿਤ, ਕਲਾਸੀਕਲ ਸੰਸਕ੍ਰਿਤ
   C) ਕਲਾਸੀਕਲ ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ, ਅਪਭ੍ਰੰਸ਼ਾਂ, ਸਾਹਿਤਕ ਪ੍ਰਾਕ੍ਰਿਤਾਂ, ਵੇਦਿਕ ਸੰਸਕ੍ਰਿਤ
   D) ਅਪਭ੍ਰੰਸ਼, ਵੇਦਿਕ ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ, ਸੰਸਕ੍ਰਿਤ, ਸਾਹਿਤਕ ਪ੍ਰਾਕ੍ਰਿਤਾਂ

5. ਪੰਜਾਬੀ ਭਾਸ਼ਾ ਵਿਚ ਡਕਵੇਂ ਵਿਅੰਜਨਾਂ ਦੀ ਗਿਣਤੀ ਹੈ :
   A) 12
   B) 14
   C) 16
   D) 15

6. 'ਚਾਹ-ਚੂਹ' ਸ਼ਬਦ ਦਾ ਸੰਬੰਧ ਹੈ :
   A) ਸਮਾਸੀ ਮੂਲਕ
   B) ਸੰਜੁਕਤ
   C) ਦੁਹਰੁਕਤੀ
   D) ਮਿਸ਼ਰਤ

7. ਪੰਜਾਬੀ ਭਾਸ਼ਾ ਦੇ ਸਧਾਰਨ ਵਾਕ ਹੁੰਦੇ ਹਨ :
   A) ਇਕ ਕਿਰਿਆਵੀ
   B) ਬਹੁ ਕਿਰਿਆਵੀ
   C) ਕਿਰਦੰਤੀ
   D) ਜਟਿਲ ਕਿਰਿਆਵੀ



Scanned with CamScanner

8. ਹੇਠ ਲਿਖਿਆਂ ਵਿਚੋਂ ਸਹੀ ਜੁੱਟ ਦੀ ਚੋਣ ਕਰੋ :
   A) ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ - ਤਰਲੋਚਨ ਸਿੰਘ ਬੇਦੀ
   B) ਲਿਪੀ ਦਾ ਵਿਕਾਸ - ਦੁਨੀ ਚੰਦ੍ਰ
   C) ਗੁਰਮੁਖੀ ਲਿਪੀ ਦੀ ਉਤਪਤੀ ਤੇ ਵਿਕਾਸ - ਕਾਲਾ ਸਿੰਘ ਬੇਦੀ
   D) ਗੁਰਮੁਖੀ ਲਿਪੀ ਇਤਿਹਾਸ ਤੇ ਇਤਿਹਾਸਕਾਰੀ - ਪ੍ਰੋ. ਪ੍ਰੀਤਮ ਸਿੰਘ

9. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਸੰਬੰਧਕ | 1. ਜ਼ਰੂਰ |
| b) ਕਿਰਿਆ ਵਿਸ਼ੇਸ਼ਣ | 2. ਤੋਂ |
| c) ਵਿਸ਼ੇਸ਼ਣ | 3. ਜੇ ਕਦੇ |
| d) ਵਿਸਮਿਕ ਚਿੰਨ੍ਹ | 4. ਸੁੱਤਵਾਂ |

| | a | b | c | d |
|---|---|---|---|---|
| A) | 4 | 3 | 1 | 4 |
| B) | 2 | 1 | 4 | 3 |
| C) | 1 | 4 | 3 | 2 |
| D) | 3 | 2. | 1 | 4 |

10. ਕਥਨ (A) ਗੁਰਮੁਖੀ ਲਿਪੀ ਦੇ ਜਨਮਦਾਤੇ ਗੁਰੂ ਸਾਹਿਬਾਨ ਹਨ, ਇਸ ਲਈ ਇਸ ਨੂੰ ਗੁਰਮੁਖੀ ਦਾ ਨਾਂ ਦਿੱਤਾ ਗਿਆ।
    ਕਾਰਨ (R) ਗੁਰਮੁਖੀ ਲਿਪੀ ਦੇ ਬਹੁਤ ਚਿੰਨ੍ਹ ਗੁਰੂਆਂ ਤੋਂ ਪਹਿਲਾਂ ਪ੍ਰਾਪਤ ਹੋਣ ਦੇ ਪੱਕੇ ਸਬੂਤ ਮਿਲਦੇ ਹਨ, ਪਰ ਇਸ ਦੇ ਬਾਵਜੂਦ ਇਸ ਲਿਪੀ ਦਾ ਨਾਂ ਗੁਰਮੁਖੀ ਹੋਣ ਦੇ ਕੁਝ ਤਰਕਪੂਰਨ ਆਧਾਰ ਹਨ :

    ਉਪਰੋਕਤ ਵਿਚੋਂ ਕਿਹੜਾ ਸਹੀ ਹੈ।

    A) (A) ਪੂਰਨ ਸਹੀ ਹੈ, (R) ਗ਼ਲਤ ਹੈ।
    B) (A) ਆਂਸ਼ਿਕ ਸਹੀ ਹੈ, (R) ਆਂਸ਼ਿਕ ਸਹੀ ਹੈ।
    C) (A) ਪੂਰਨ ਗ਼ਲਤ ਹੈ, (R) ਪੂਰਨ ਸਹੀ ਹੈ।
    D) (A) ਤੇ (R) ਦੋਵੇਂ ਸਹੀ ਹਨ।



Scanned with CamScanner

11. ਕਿਹੜਾ ਜੁੱਟ ਸਹੀ ਹੈ :

A) ਪਿਆਰ ਸਿੰਘ : ਸਮਦਰਸ਼ਨ

B) ਕੇਸਰ ਸਿੰਘ ਕੇਸਰ : ਸਾਹਿਤ-ਖੋਜ ਅਤੇ ਸਾਹਿਤ ਆਲੋਚਨਾ

C) ਰਵਿੰਦਰ ਸਿੰਘ ਰਵੀ : ਸਾਹਿਤ ਸੰਵੇਦਨਾ

D) ਸੰਤ ਸਿੰਘ ਸੇਖੋਂ : ਵਿਰਸਾ ਤੇ ਵਰਤਮਾਨ

12. ਕਥਨ (A) ਸੰਰਚਨਾਵਾਦ ਯਥਾਰਥ ਨੂੰ ਦੇਖਣ ਦੀ ਇਕ ਵਿਧੀ ਹੈ, ਇਹ ਯਥਾਰਥ ਨੂੰ ਵਿਅਕਤੀਗਤ ਵਸਤਾਂ ਵਿਚੋਂ ਨਹੀਂ ਸਗੋਂ ਇਨ੍ਹਾਂ ਦੇ ਸੰਬੰਧਾਂ ਵਿਚੋਂ ਭਾਲਦੀ ਹੈ।

ਕਾਰਨ (R) ਵਸਤਾਂ ਸੁਤੰਤਰ ਰੂਪ ਵਿਚ ਕੋਈ ਹੋਂਦ ਨਹੀਂ ਰਖਦੀਆਂ, ਉਨ੍ਹਾਂ ਦਾ ਵਾਸਤਵਿਕ ਸਰੂਪ ਖੁਦ ਵਸਤਾਂ ਵਿਚ ਨਹੀਂ ਸਗੋਂ ਇਨ੍ਹਾਂ ਵਿਚ ਮੌਜੂਦ ਆਪਸੀ ਸੰਬੰਧਾਂ ਵਿਚ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

i) (A) ਅਤੇ (R) ਦੋਵੇਂ ਗਲਤ ਹਨ

ii) (A) ਪੂਰਨ ਸਹੀ ਹੈ (R) ਅੰਸ਼ਿਕ ਸਹੀ ਹੈ

iii) (A) ਸਹੀ ਹੈ ਅਤੇ (R) ਗਲਤ ਹੈ

iv) (A) ਅਤੇ (R) ਦੋਵੇਂ ਸਹੀ ਹਨ

13. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਭਾਮਹ | 1. ਨਾਟਯ ਸ਼ਾਸਤ੍ਰ |
| b) ਭਰਤ ਮੁਨੀ | 2. ਵਕ੍ਰੋਕਤੀ ਜੀਵਿਤ |
| c) ਮੰਮਟ | 3. ਕਾਵਿਆਲੰਕਾਰ |
| d) ਕੁੰਤਕ | 4. ਕਾਵਯ ਪ੍ਰਕਾਸ਼ |

| | a | b | c | d |
|---|---|---|---|---|
| A) | 1 | 3 | 4 | 2 |
| B) | 2 | 4 | 1 | 3 |
| C) | 3 | 1 | 4 | 2 ✓ |
| D) | 4 | 3 | 1 | 2 |

14. ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਬੰਧ ਕਾਵਿ ਨਹੀਂ ਹੈ :-

A) ਮਹਾਂਕਾਵਿ

B) ਉਪਰੂਪਕ

C) ਖੰਡ ਕਾਵਿ

D) ਗ਼ਜ਼ਲ



Scanned with CamScanner

15. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | | ਸੂਚੀ - II | |
|---|---|---|---|
| a) | Khushwant Singh | 1. | History and Philosophy of the Sikhs |
| b) | Macauliffe | 2. | A History of Sikhs |
| c) | Khazan Singh | 3. | The Sikh Religion |
| d) | Latif Mohamad | 4. | A History of the Punjab |

ਉਪਰੋਕਤ ਦਾ ਸਹੀ ਕ੍ਰਮ ਹੈ :

| | | | | |
|---|---|---|---|---|
| A) | 2 | 1 | 3 | 4 |
| B) | 2 | 3 | 1 | 4 |
| C) | 2 | 1 | 3 | 4 |
| D) | 4 | 3 | 2 | 1 |

16. ਹੇਠ ਲਿਖਿਆਂ ਦਾ ਸਹੀ ਜੁੱਟ ਹੈ :-

A) ਭਾਈ ਮਨੀ ਸਿੰਘ - ਭਗਤ ਰਤਨਾਵਲੀ
B) ਭਾਈ ਸੰਤੋਖ ਸਿੰਘ - ਗੁਰਸ਼ਬਦ ਰਤਨਾਕਰ ਮਹਾਨ ਕੋਸ਼
C) ਭਾਈ ਕਾਨ੍ਹ ਸਿੰਘ - ਗੁਰੂ ਪ੍ਰਤਾਪ ਸੂਰਜ ਗ੍ਰੰਥ
D) ਗਿਆਨੀ ਗਿਆਨ ਸਿੰਘ - ਪਹਿਲੀ ਵਾਰ

17. ਕਥਨ (A) 'ਅਨੰਦ' ਕੇਵਲ ਇਕ ਬਾਣੀ ਦਾ ਨਾਮ ਹੀ ਨਹੀਂ ਸਗੋਂ ਸੰਕਲਪ ਹੈ ਜੋ 'ਸਤ-ਚਿਤ ਆਨੰਦ' ਵਾਲੀ ਭਾਰਤੀ ਦਾਰਸ਼ਨਿਕ ਪਰੰਪਰਾ ਦਾ ਸਿਖਰ ਹੈ।

ਕਾਰਨ (R) 'ਮਨੁੱਖੀ ਚੇਤਨਾ' ਵਿਸ਼ਾਲ ਅਰਥਾਂ ਵਿਚ ਤਿੰਨ ਪ੍ਰਕਾਰ ਦੀ ਹੈ : ਇੰਦ੍ਰਿਆਈ, ਤਾਰਕਿਕ ਅਤੇ ਅੰਤਰਬੋਧੀ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

A) (A) ਅਤੇ (R) ਦੋਵੇਂ ਸਹੀ ਹਨ
B) (A) ਆਂਸ਼ਿਕ ਗਲਤ ਹੈ ਅਤੇ (R) ਪੂਰਨ ਸਹੀ ਹੈ
C) (A) ਆਂਸ਼ਿਕ ਸਹੀ ਹੈ ਅਤੇ (R) ਪੂਰਨ ਸਹੀ ਹੈ
D) (A) ਅਤੇ (R) ਦੋਵੇਂ ਗਲਤ ਹਨ।



Scanned with CamScanner

18. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਸਾਹਿਤਿਆਰਥ | 1. ਤਰਲੋਕ ਸਿੰਘ ਕੰਵਰ |
| b) ਕਵਿਤਾ ਦੀ ਭੂਮਿਕਾ | 2. ਸੰਤ ਸਿੰਘ ਸੇਖੋਂ |
| c) ਸਾਹਿਤ ਵਿਗਿਆਨ | 3. ਸੁਤਿੰਦਰ ਸਿੰਘ ਨੂਰ |
| d) ਥਾਪਨਾ/ਉਥਾਪਨਾ | 4. ਹਰਿਭਜਨ ਸਿੰਘ |

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

| | a | b | c | d |
|---|---|---|---|---|
| A) | 1 | 4 | 3 | 1 |
| B) | 3 | 2 | 1 | 4 |
| C) | 2 | 3 | 4 | 1 |
| D) | 4 | 1 | 2 | 3 |

19. ਅਜਨਬੀਕਰਨ ਦੀ ਜੁਗਤ ਦਾ ਸੰਬੰਧ ਹੈ :

A) ਮਾਰਕਸਵਾਦ ਨਾਲ  
B) ਚਿਹਨ-ਵਿਗਿਆਨ ਨਾਲ  
C) ਰੂਸੀ ਰੂਪਵਾਦ ਨਾਲ  
D) ਸੰਰਚਨਾਵਾਦ ਨਾਲ

20. ਹੇਠ ਲਿਖਿਆਂ ਵਿਚੋਂ ਕਿਹੜਾ ਸੰਕਲਪ ਸੂਫੀਮੱਤ ਦੇ ਅੰਤਰਗਤ ਨਹੀਂ ਵਿਚਾਰਿਆ ਜਾਂਦਾ ?

A) ਇਸ਼ਕ  
B) ਪਾਕੀਜ਼ਗੀ  
C) ਆਵਾਗਮਨ  
D) ਤੌਹੀਦ

21. ਹੇਠ ਲਿਖਿਆਂ ਚੋਂ ਕਿਹੜਾ ਜੁੱਟ ਸਹੀ ਹੈ ?

A) ਹੱਕ-ਪੱਖ-ਪਾਸਾ  
B) ਹਕੀਕਤ-ਸੱਚਾਈ-ਰੱਬ  
C) ਕਿਆਮਤ-ਪੁਨਰ ਜਨਮ-ਨਰਕ  
D) ਹਕੀਕੀ-ਮਿਜਾਜੀ-ਰੂਹਾਨੀ



Scanned with CamScanner

22. ਹੇਠ ਲਿਖਿਆਂ ਚੋਂ ਸਹੀ ਜੁੱਟ ਚੁਣੋ :

a) ਬਾਬਾ ਫਰੀਦ - ਨਾਸ਼ਮਾਨਤਾ

b) ਬੁੱਲੇ ਸ਼ਾਹ - ਬਗ਼ਾਵਤ

c) ਸ਼ਾਹ ਹੁਸੈਨ - ਸ਼ਰ੍ਹੀਅਤ

d) ਸੁਲਤਾਨ ਬਾਹੂ - ਨਸੀਹਤ

A) a ਤੇ d ਸਹੀ ਹਨ

B) b ਤੇ c ਸਹੀ ਹਨ

C) a ਤੇ b ਸਹੀ ਹਨ

D) a ਤੇ c ਸਹੀ ਹਨ

23. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਹਸ਼ਰ | 1. ਕਾਅਬਾ |
| b) ਹੱਜ | 2. ਦਸਵੰਧ |
| c) ਰੋਜ਼ਾ | 3. ਕਿਆਮਤ |
| d) ਜ਼ਕਾਤ | 4. ਰਮਜ਼ਾਨ੍ਹ |

ਉਪਰੋਕਤ ਵਿਚੋਂ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| A) | 3 | 1 | 4 | 2 |
| B) | 1 | 4 | 2 | 3 |
| C) | 3 | 2 | 4 | 1 |
| D) | 2 | 4 | 1 | 3 |

24. ਕਥਨ (A) ਸੰਸਾਰਕ ਮੋਹ-ਮਾਇਆ ਦਾ ਭਾਰ ਸਿਰੋਂ ਲਾਹੁਣ ਲਈ ਤੇ ਹੌਲੇ ਹੋ ਕੇ ਪ੍ਰਭੂ-ਪ੍ਰੇਮ ਦੇ ਔਖੇ ਪੈਂਡੇ ਤੇ ਤੁਰਨ ਲਈ ਮਾਰਗ-ਦਰਸ਼ਕ ਦੀ ਲੋੜ ਸੂਫੀ ਸਾਧਨਾ ਦਾ ਪਹਿਲਾ ਕਦਮ ਹੈ।

ਕਾਰਨ (R) ਸੂਫ਼ੀ ਮੁਰਸ਼ਦ ਦੀ ਕਿਰਪਾ-ਦ੍ਰਿਸ਼ਟੀ ਦਾ ਜਾਚਕ ਹੁੰਦਾ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਅਤੇ (R) ਦੋਵੇਂ ਗਲਤ ਹਨ।

B) (A) ਸਹੀ ਹੈ ਤੇ (R) ਗਲਤ ਹੈ

C) (A) ਤੇ (R) ਦੋਵੇਂ ਸਹੀ ਹਨ।

D) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ।



Scanned with CamScanner

25. ਹੇਠ ਲਿਖਿਆਂ ਵਿਚੋਂ ਕਿਹੜੀ ਅਧਿਆਤਮਕ ਮੰਜ਼ਲ ਦੀ ਗੱਲ ਸੂਫ਼ੀ ਨਹੀਂ ਕਰਦੇ ?

A) ਸ਼ਰੀਅਤ
B) ਤਰੀਕਤ
C) ਨਸੀਹਤ
D) ਹਕੀਕਤ

26. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਹੈ ?

A) ਬਾਬਾ ਫਰੀਦ - ਸੀਹਰਫ਼ੀ
B) ਬੁੱਲ੍ਹੇ ਸ਼ਾਹ - ਸ਼ਲੋਕ
C) ਸ਼ਾਹ ਹੁਸੈਨ - ਕਾਫ਼ੀਆਂ
D) ਸੁਲਤਾਨ ਬਾਹੂ - ਸੀਹਰਫ਼ੀ

27. ਕਥਨ (A) ਨਾਵਲ ਦੀ ਬਣਤਰ ਬਿਰਤਾਂਤਕ ਹੋਣ ਕਾਰਨ ਇਹ ਮਨੁੱਖੀ ਵਿਹਾਰ ਦੇ ਸਮੁੱਚੇ ਸਰੂਪ ਨੂੰ ਗ੍ਰਹਿਣ ਕਰਦਾ ਹੈ ਅਤੇ ਵਸਤੂ ਯਥਾਰਥ ਵਾਂਗ ਅੰਤਰਥਸ਼ੀਲ ਸਰੂਪ ਧਾਰਨ ਕਰ ਲੈਂਦਾ ਹੈ।

ਕਾਰਨ (R) ਨਾਵਲ ਅਤੇ ਕਹਾਣੀ ਦੇ ਬਿਰਤਾਂਤਕ ਸਰੂਪ ਕਾਰਨ ਇਹਨਾਂ ਦਾ ਅਕਾਰ ਵੱਡਾ ਅਤੇ ਛੋਟਾ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਅਤੇ (R) ਦੋਵੇਂ ਗਲਤ ਹਨ।
B) (A) ਅਤੇ (R) ਦੋਵੇਂ ਸਹੀ ਹਨ।
C) (A) ਸਹੀ ਹੈ (R) ਗ਼ਲਤ ਹੈ।
D) (A) ਗ਼ਲਤ ਹੈ (R) ਸਹੀ ਹੈ।

28. ਖੋਜ ਦੇ ਪੜਾਉ ਹਨ :

A) ਤੱਥਾਂ ਦਾ ਸੂਤਰੀਕਰਨ, ਵਿਸ਼ਲੇਸ਼ਣ, ਸੰਕਲਨ, ਪ੍ਰਤੱਖਣ
B) ਤੱਥਾਂ ਦਾ ਸੰਕਲਨ, ਪ੍ਰਤੱਖਣ, ਸੂਤਰੀਕਰਨ, ਵਿਸ਼ਲੇਸ਼ਣ
C) ਤੱਥਾਂ ਦਾ ਪ੍ਰਤੱਖਣ, ਸੰਕਲਨ, ਵਿਸ਼ਲੇਸ਼ਣ, ਸੂਤਰੀਕਰਨ
D) ਤੱਥਾਂ ਦਾ ਵਿਸ਼ਲੇਸ਼ਣ, ਸੂਤਰੀਕਰਨ, ਪ੍ਰਤੱਖਣ, ਸੰਕਲਨ

29. ਕਿਸੇ ਖੋਜ/ਸ਼ੋਧ ਪ੍ਰਬੰਧ ਵਿਚ ਉੱਧਰਿਤ ਕੀਤੀਆਂ ਗਈਆਂ ਸਾਰੀਆਂ ਪੁਸਤਕਾਂ ਤੇ ਦਸਤਾਵੇਜ਼ਾਂ ਨੂੰ ਕਿਹਾ ਜਾਂਦਾ ਹੈ :

A) ਸਹਾਇਕ ਪੁਸਤਕ ਸੂਚੀ
B) ਚੋਣਵੀਂ ਪੁਸਤਕਾਵਲੀ
C) ਸੰਦਰਭ ਗ੍ਰੰਥ ਸੂਚੀ
D) ਟਿੱਪਣੀ ਯੁਕਤ ਪੁਸਤਕ ਸੂਚੀ

30. ਖੋਜ ਸਿਧਾਂਤ ਦੇ ਖੇਤਰ ਨਾਲ ਸੰਬੰਧਤ ਲੇਖਕਾਂ ਦਾ ਸਹੀ ਜੁੱਟ ਹੈ :

i) ਤਰਲੋਕ ਸਿੰਘ ਕੰਵਰ
ii) ਪਿਆਰ ਸਿੰਘ
iii) ਰਵਿੰਦਰ ਰਵੀ
iv) ਕੇਸਰ ਸਿੰਘ ਕੇਸਰ

A) (i) ਤੇ (ii)
B) (ii) ਤੇ (iii)
C) (i) ਤੇ (iv)
D) (ii) ਤੇ (iv)



Scanned with CamScanner

31. ਕਥਨ (A) ਪਾਕਿਸਤਾਨ ਵਿਚ ਵੀ ਪੰਜਾਬੀ ਸਾਹਿਤ ਦੀ ਖੋਜ ਦਾ ਕੰਮ ਹੋ ਰਿਹਾ ਹੈ ਅਤੇ ਉੱਥੇ ਇਹ ਕੰਮ ਪੰਜਾਬੀ ਦੀ ਵਿਦਿਅਕ ਹੈਸੀਅਤ ਨਾਲ ਸਿੱਧੇ ਤੌਰ ਤੇ ਜੁੜਿਆ ਹੋਇਆ ਹੈ।

ਕਾਰਨ (R) ਰਾਜਨੀਤਿਕ ਕਾਰਣਾਂ ਕਰਕੇ ਪੰਜਾਬੀ ਨੂੰ ਸਾਹਿਤਕ, ਵਿਦਿਅਕ ਅਤੇ ਸਭਿਆਚਾਰਕ ਹਲਕਿਆਂ ਵਿਚ ਉਹ ਰੁਤਬਾ ਹਾਸਿਲ ਨਹੀਂ, ਜਿਸ ਦੀ ਇਹ ਹੱਕਦਾਰ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

A) (A) ਅਤੇ (R) ਦੋਵੇਂ ਸਹੀ ਹਨ।
B) (A) ਸਹੀ ਹੈ (R) ਗ਼ਲਤ ਹੈ।
C) (A) ਸਹੀ ਹੈ (R) ਆਂਸ਼ਿਕ ਸਹੀ ਹੈ।
D) (A) ਆਂਸ਼ਿਕ ਸਹੀ ਹੈ (R) ਸਹੀ ਹੈ।

32. ਆਧੁਨਿਕਤਾ ਦਾ ਸੰਬੰਧ ਹੈ :

i) ਸਾਮੰਤਵਾਦੀ ਸਮਾਜ ਨਾਲ
ii) ਪੂਰਵ ਆਧੁਨਿਕ ਸਮਾਜ ਨਾਲ
iii) ਉਦਯੋਗਿਕ ਪੂੰਜੀਵਾਦ ਨਾਲ
iv) ਮਸ਼ੀਨੀਕਰਨ ਨਾਲ

A) (i) ਤੇ (iv) ਸਹੀ ਹਨ।
B) ਸਿਰਫ਼ (iii) ਸਹੀ ਹੈ।
C) (iii) ਤੇ (iv) ਦੋਵੇਂ ਸਹੀ ਹਨ।
D) (ii) ਤੇ (iv) ਸਹੀ ਹਨ।

33. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਪ੍ਰਗਤੀਵਾਦੀ ਪੰਜਾਬੀ ਕਵਿਤਾ | 1. ਪਿੱਤਰ ਸੱਤਾ ਦਾ ਵਿਰੋਧ |
| b) ਪ੍ਰਯੋਗਵਾਦੀ ਪੰਜਾਬੀ ਕਵਿਤਾ | 2. ਮਹਾਂਨਗਰੀ ਵਿਅਕਤੀ ਦੀ ਮਾਨਸਿਕ ਕੁੰਠਾ |
| c) ਜੁਝਾਰਵਾਦੀ ਪੰਜਾਬੀ ਕਵਿਤਾ | 3. ਹਥਿਆਰਬੰਦ ਕ੍ਰਾਂਤੀ ਦੀ ਅਕਾਂਖਿਆ |
| d) ਨਾਰੀਵਾਦੀ ਪੰਜਾਬੀ ਕਵਿਤਾ. | 4. ਸਾਮਰਾਜਵਾਦ ਤੇ ਸਰਮਾਏਦਾਰੀ ਦਾ ਵਿਰੋਧ |

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| A) | 4 | 3 | 2 | 1 |
| B) | 4 | 2 | 3 | 1 |
| C) | 2 | 1 | 3 | 4 |
| D) | 1 | 2 | 3 | 4 |



Scanned with CamScanner

34. ਕਥਨ (A) ਨਾਰੀਵਾਦੀ ਪੰਜਾਬੀ ਕਵਿਤਾ ਵਿਚ ਨਾਰੀ ਨੇ ਨਾਰੀ ਮਸਲਿਆਂ ਨੂੰ ਸ਼ਕਤੀਸ਼ਾਲੀ ਆਵਾਜ਼ ਦਿੱਤੀ ਹੈ।

ਕਾਰਨ (R) ਪ੍ਰਗਤੀਵਾਦੀ ਕਵਿਤਾ ਵਿਚ ਕੋਈ ਮਰਦ ਕਵੀ ਅਜਿਹਾ ਨਹੀਂ ਹੋਵੇਗਾ ਜਿਸ ਨੇ ਨਾਰੀ ਦੇ ਹੱਕਾਂ ਪ੍ਰਤੀ ਨਾ ਲਿਖਿਆ ਹੋਵੇ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਸਹੀ ਤੇ (R) ਗ਼ਲਤ ਹੈ।
B) (A) ਅਾਂਸ਼ਿਕ ਸਹੀ ਹੈ ਤੇ (R) ਸਹੀ ਹੈ।
C) (A) ਤੇ (R) ਦੋਵੇਂ ਸਹੀ ਹਨ।
D) (A) ਤੇ (R) ਦੋਵੇਂ ਗ਼ਲਤ ਹਨ।

35. ਸਾਲ 2016 ਵਿਚ ਕਿਸ ਪੰਜਾਬੀ ਨਾਵਲ ਦਾ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਿਤ ਹੋਇਆ ਹੈ :-

A) ਮੜੀ ਦਾ ਦੀਵਾ
B) ਪਵਿੱਤਰ ਪਾਪੀ
C) ਕਥਾ ਕਹੋ ਉਰਵਸ਼ੀ
D) ਪਿੰਜਰ

36. ਹੇਠ ਲਿਖੀ ਕਿਹੜੀ ਪੁਸਤਕ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਨਹੀਂ ਮਿਲਿਆ।

A) ਪੱਬੀ
B) ਉਨੀਂਦਾ ਵਰਤਮਾਨ
C) ਲੀਲ੍ਹਾ
D) ਕਾਲ ਪਹਿਰ ਘੜੀਆਂ

37. ਬਿਰਤਾਂਤਕ ਕਵਿਤਾ ਵਿਚ ਸੁਮੇਲ ਹੁੰਦਾ ਹੈ :

A) ਕਾਵਿ ਤੇ ਪ੍ਰਗੀਤ
B) ਪ੍ਰਗੀਤ ਤੇ ਕਲਪਨਾਂ
C) ਕਾਵਿ ਤੇ ਰੋਮਾਂਸ
D) ਕਥਾ ਤੇ ਕਾਵਿ

38. ਟੋਟਮ ਕੀ ਹੈ ?

A) ਸਭਿਆਚਾਰਕ ਵਰਜਣਾ
B) ਸਭਿਆਚਾਰਕ ਚਿੰਨ੍ਹ
C) ਪਹਿਰਾਵੇ ਦੀ ਵੰਨਗੀ
D) ਸਭਿਆਚਾਰਕ ਜੀਵਨ-ਜਾਚ



Scanned with CamScanner

39. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | | ਸੂਚੀ - II | |
|---|---|---|---|
| a) | ਸਿੱਠਣੀ | 1. | ਸ਼ੋਕ ਪ੍ਰਧਾਨ |
| b) | ਅਲਾਹੁਣੀ | 2. | ਉਸਤਤ ਪ੍ਰਧਾਨ |
| c) | ਸੁਹਾਗ | 3. | ਵਿਅੰਗ ਪ੍ਰਧਾਨ |
| d) | ਛੇਟ | 4. | ਮੰਗਲਕਾਮਨਾ ਮੂਲਕ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| A) | 4 | 1 | 3 | 2 |
| B) | 3 | 2 | 4 | 1 |
| C) | 3 | 1 | 4 | 2 |
| D) | 4 | 3 | 1 | 2 |

40. ਕਿਹੜਾ ਜੁੱਟ ਸਹੀ ਹੈ ?

A) ਟੱਪੇ, ਬੋਲੀਆਂ - ਸੋਗ ਗੀਤ
B) ਘੋੜੀਆਂ, ਸਿੱਠਣੀਆਂ - ਵਿਆਹ ਗੀਤ
C) ਸੱਦ, ਮਾਹੀਆ - ਜਾਤੀ ਗੀਤ
D) ਲੋਰੀਆਂ, ਢੋਲੇ - ਨ੍ਰਿਤ ਗੀਤ

41. ਪੰਜਾਬੀ ਸਭਿਆਚਾਰ ਦਾ ਪ੍ਰਮੁੱਖ ਲੱਛਣ ਹੈ :

A) ਵਿਭਿੰਨ ਸਭਿਆਚਾਰਾਂ ਦਾ ਸੁਮੇਲ
B) ਸਭਿਆਚਾਰਾਂ ਦੀ ਭਿੰਨਤਾ
C) ਸਭਿਆਚਾਰਾਂ ਦਾ ਹਮਲਾ
D) ਸਭਿਆਚਾਰਾਂ ਦਾ ਟਕਰਾਉ

42. ਕਥਨ (A) ਸਭਿਆਚਾਰ ਮਨੁੱਖ ਦੇ ਜਿਊਣ ਢੰਗ ਦਾ ਨਾਂ ਹੈ। ਮਨੁੱਖ ਨੇ ਪ੍ਰਕਿਰਤੀ ਤੋਂ ਰੂਪਾਂਤਰਿਤ ਕਰਕੇ ਸਭਿਆਚਾਰਕ ਬਣਤਰਾਂ ਨੂੰ ਆਪਣੇ ਜਿਊਣ ਦੇ ਰੂਪਾਂ ਵਿਚ ਆਪਣੀਆਂ ਇਛਾਵਾਂ, ਸੱਧਰਾਂ ਤੇ ਚਾਵਾਂ ਦੀ ਪੂਰਤੀ ਹਿੱਤ ਸਿਰਜਿਆ ਹੈ।

ਕਾਰਨ (R) ਪਰ ਸਭਿਆਚਾਰ ਦੇ ਪੱਧਰ ਤੇ ਜੋ ਕੰਮ ਬਣੇ ਹੁੰਦੇ ਹਨ, ਉਹ ਮਨੁੱਖ ਨੂੰ ਉਚੇਰੀ ਜੀਵਨ-ਜਾਚ ਸਿਖਾਉਂਦੇ ਹਨ ਕਿ ਮਨੁੱਖ ਨੂੰ ਕਿਸ ਤਰ੍ਹਾਂ ਜਿਊਣਾ ਚਾਹੀਦਾ ਹੈ। ਯਾਨੀ ਸੁਧਰੀ ਹੋਈ ਜੀਵਨ ਜਾਚ ਹੀ ਸਭਿਆਚਾਰ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਪੂਰਨ ਸਹੀ ਹੈ, (R) ਪੂਰਨ ਗ਼ਲਤ ਹੈ
B) (A) ਪੂਰਨ ਸਹੀ ਹੈ, (R) ਪੂਰਨ ਸਹੀ ਹੈ
C) (A) ਪੂਰਨ ਸਹੀ ਹੈ, (R) ਅਾਂਸ਼ਿਕ ਸਹੀ ਹੈ
D) (A) ਅਾਂਸ਼ਿਕ ਸਹੀ ਹੈ, (R) ਅਾਂਸ਼ਿਕ ਸਹੀ ਹੈ

43. ਲੋਕ ਨਾਟ ਦਾ ਸਹੀ ਜੁੱਟ ਹੈ :

A) ਨੌਟੰਕੀ, ਨਕਲਾਂ, ਬਾਜ਼ੀ
B) ਪੁਤਲੀ ਨਾਟ, ਰਾਸ-ਲੀਲ੍ਹਾ, ਸੂਤਰਧਾਰ
C) ਲੁਕਣ-ਮੀਟੀ, ਰਾਮ-ਲੀਲ੍ਹਾ, ਸੂਤਰਧਾਰ
D) ਨਕਲਾਂ, ਨੁੱਕੜ ਨਾਟਕ, ਰਾਸ-ਲੀਲ੍ਹਾ



Scanned with CamScanner

44. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਜੋਗਿੰਦਰ ਸਿੰਘ ਰਾਹੀ | 1. ਆਧੁਨਿਕ ਪੰਜਾਬੀ ਕਹਾਣੀ : ਵਿਸ਼ਵੀ ਮੂਲਕ ਪਰਿਪੇਖ |
| b) ਸੁਖਦੇਵ ਸਿੰਘ ਖਾਹਰਾ | 2. ਪੰਜਾਬੀ ਨਾਵਲ |
| c) ਸੁਰਿੰਦਰ ਕੁਮਾਰ ਦਵੇਸ਼ਵਰ | 3. ਪੰਜਾਬੀ ਨਾਵਲ ਵਿਚ ਸਾਂਸਕ੍ਰਿਤਕ ਚੇਤਨਾ |
| d) ਬਲਦੇਵ ਸਿੰਘ ਧਾਲੀਵਾਲ | 4. ਪੰਜਾਬੀ ਗਲਪ ਚਿੰਤਨ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| A) | 2 | 3 | 4. | 1 |
| B) | 1 | 2 | 3 | 3 |
| C) | 1 | 3 | 2 | 3 |
| D) | 2 | 3 | 1 | 3 |

45. ਗੋਈ ਹੈ :

A) ਖੇਡ
B) ਪਕਵਾਨ
C) ਕਲਾ
D) ਰੀਤ

46. ਪੈਰ੍ਹਾ :- ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਆਪਣੀ ਧਰਤੀ ਦੇ ਨੇੜੇ ਨੇੜੇ ਰਹਿਣ ਦਾ ਸ਼ੌਕ ਹੈ। ਭਾਵੇਂ ਪੰਜਾਬੀ ਲੋਕ ਸਭਿਅਤਾ ਦੇ ਹਰ ਨਵੇਂ ਤੇ ਗੁੰਝਲਦਾਰ ਵੇਰਵੇ ਨੂੰ ਅਪਨਾਉਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ ਪਰ ਉਹ ਆਪਣੀ ਪਹਿਲ-ਪੁਰਾਣੀ ਤੇ ਸਾਦਾ ਜੀਵਨ-ਜੁਗਤ ਪ੍ਰਤੀ ਵਫ਼ਾਦਾਰ ਹਨ। ਇਥੋਂ ਦੇ ਧਰਮ ਅਤੇ ਕਲਾ ਦੋਵੇਂ ਖੇਤਰ ਇਸ ਅਡੋਲ ਸਾਦਗੀ ਦੀ ਗਵਾਹੀ ਭਰਦੇ ਹਨ। ਇਥੋਂ ਦੀ ਮਿੱਟੀ ਵਿਚੋਂ ਉਗਿਆ ਨਾ ਧਰਮ ਗੁੰਝਲਦਾਰ ਹੈ ਅਤੇ ਨਾਂ ਹੀ ਨਾਚ, ਸੰਗੀਤ, ਕਵਿਤਾ ਜਾਂ ਉਸਾਰੀ ਕਲਾ। ਨਵੀਨਤਾ ਨੂੰ ਬਹੁਤ ਤੇਜ਼ੀ ਨਾਲ ਅਪਨਾਉਣ ਵਾਲਾ ਪੰਜਾਬ ਇਸੇ ਸਾਦਗੀ ਸਦਕਾ ਹੀ ਅਡੋਲ ਬਣਿਆ ਰਹਿੰਦਾ ਹੈ ਅਤੇ ਇਸ ਦੇ ਪੈਰ ਆਪਣੀ ਪੁਰਾਣੀ ਅਤੇ ਡੂੰਘੀ ਪਰੰਪਰਾ ਵਿਚ ਟਿਕੇ ਰਹਿੰਦੇ ਹਨ।

ਉਪਰੋਕਤ ਪੈਰ੍ਹੇ ਦੇ ਅਧਾਰ ਉੱਤੇ ਪੰਜਾਬੀ ਜੀਵਨ-ਜਾਚ ਦੀ ਮੁੱਖ ਵਿਸ਼ੇਸ਼ਤਾ ਹੈ :

A) ਪਰਿਵਰਤਨਸ਼ੀਲਤਾ ਅਤੇ ਸਾਦਗੀ
B) ਅਡੋਲਤਾ ਅਤੇ ਤੇਜ਼ੀ
B) ਨਵੀਨਤਾ ਅਤੇ ਜਟਿਲਤਾ
D) ਪਰੰਪਰਾ ਅਤੇ ਵਫ਼ਾਦਾਰੀ

47. ਪੈਰ੍ਹੇ ਦੇ ਅਧਾਰ 'ਤੇ ਕਿਹੜਾ ਕਥਨ ਸਹੀ ਹੈ :

A) ਪੰਜਾਬੀ ਲੋਕ ਸਭਿਆਚਾਰ ਤੇ ਸਭਿਅਤਾ ਪ੍ਰਤੀ ਬੜੀ ਤੇਜ਼ੀ ਦਿਖਾਉਂਦੇ ਹਨ।
B) ਪੰਜਾਬੀ ਲੋਕ ਸਭਿਅਤਾ ਦੇ ਨਵੀਨ ਤੇ ਜਟਿਲ ਵੇਰਵਿਆਂ ਨੂੰ ਅਪਨਾਉਣ ਲਈ ਤਤੱਪਰ ਰਹਿੰਦੇ ਹਨ।
C) ਪੰਜਾਬੀ ਲੋਕ ਆਪਣੀ ਪਰੰਪਰਾਗਤ ਸਾਦਗੀ ਨੂੰ ਵਿਸਾਰ ਦਿੰਦੇ ਹਨ।
D) ਪੰਜਾਬੀ ਲੋਕ ਨਵੀਨਤਾ ਨੂੰ ਤੇਜ਼ੀ ਨਾਲ ਅਪਨਾਉਣ ਕਾਰਨ ਵਿਚਲਿਤ ਹੋ ਜਾਂਦੇ ਹਨ।



Scanned with CamScanner

48. ਸਹੀ ਜੁੱਟ ਹੈ :

i) ਅੱਧ ਚਾਨਣੀ ਰਾਤ : ਮੋਦਨ
ii) ਪਵਿੱਤਰ ਪਾਪੀ : ਜਗਸੀਰ
iii) ਅਣਹੋਏ : ਬਿਸ਼ਨਾ
iv) ਪਿੰਜਰ : ਪੂਰੋ

A) (i) ਅਤੇ (ii)
B) (iii) ਅਤੇ (iv)
C) (i) ਅਤੇ (iii)
D) (ii) ਅਤੇ (iv)

49. ਡਾ. ਬਨਾਰਸੀ ਦਾਸ ਜੈਨ ਵਲੋਂ ਸੰਪਾਦਿਤ ਕੀਤੀਆਂ ਪੁਸਤਕਾਂ ਦਾ ਸਹੀ ਜੁੱਟ ਹੈ :-

A) ਵਾਰ ਨਾਦਰ ਸ਼ਾਹ, ਲਵਕੁਸ਼ ਦੀ ਵਾਰ
B) ਵਾਰ ਨਾਦਰ ਸ਼ਾਹ, ਹੀਰ ਮਕਬਲ
C) ਹੀਰ ਮੁਕਬਲ, ਹੀਰ ਵਾਰਸ ਸ਼ਾਹ
D) ਲਵਕੁਸ਼ ਦੀ ਵਾਰ, ਹੀਰ ਮੁਕਬਲ

50. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਪੰਜਾਬੀ ਅਦਬ ਦੀ ਮੁਖਤਸਰ ਤਾਰੀਖ | 1. ਸ਼. ਸ. ਅਮੋਲ |
| b) ਸਾਡੇ ਪੁਰਾਣੇ ਕਵੀ | 2. ਪਿਆਰ ਸਿੰਘ |
| c) ਸਾਹਿਤ ਦਰਸ਼ਨ | 3. ਮੋਹਨ ਸਿੰਘ ਦੀਵਾਨਾ |
| d) ਪੰਜਾਬੀ ਸਾਹਿਤ ਦੇ ਨਿਰਮਾਤਾ | 4. ਪ੍ਰਿੰ. ਤੇਜਾ ਸਿੰਘ |

| | a | b | c | d |
|---|---|---|---|---|
| A) | 3 | 1 | 4 | 2 |
| B) | 3 | 1 | 2 | 4 |
| C) | 1 | 3 | 2 | 4 |
| D) | 1 | 3 | 4 | 2 |

51. ਸਾਹਿਤ ਦੇ ਇਤਿਹਾਸ ਦੇ ਪ੍ਰਮੁੱਖ ਸ੍ਰੋਤ ਹਨ :

i) ਸਮਾਜਕ ਸਥਿਤੀ
ii) ਸਾਹਿਤਕ ਤੱਥ
iii) ਸਾਹਿਤਕ ਪ੍ਰਵਿਰਤੀਆਂ
iv) ਕਾਵਿ ਸ਼ਾਸਤਰ

ਕਿਹੜਾ ਜੁੱਟ ਸਹੀ ਹੈ :

A) i) ਅਤੇ ii)
B) i) ਅਤੇ iii)
C) i) ਅਤੇ iv)
D) ii) ਅਤੇ iii)



Scanned with CamScanner

52. ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪ੍ਰਕਾਸ਼ਿਤ ਹੋਣ ਵਾਲੀ ਪੰਜਾਬ ਸਾਹਿਤ ਸਮੀਖਿਆ ਨਾਲ ਸੰਬੰਧਤ ਪੜ੍ਹਿਕਾ ਦਾ ਨਾਂ ਹੈ :

A) ਲਹਿਰਾਂ
B) ਮਾਂ ਬੋਲੀ
C) ਖੋਜ
D) ਪਰਖ

53. ਕਥਨ (A) ਸਾਹਿਤ ਇਤਿਹਾਸਕਾਰੀ ਦਾ ਮਨੋਰਥ ਸਾਹਿਤ ਦੀਆਂ ਭਿੰਨ-ਭਿੰਨ ਧਾਰਾਵਾਂ ਦੇ ਸ੍ਰੋਤਾਂ ਦਾ ਨਿਰੂਪਣ ਅਤੇ ਕਿਸੇ ਭਾਸ਼ਾ ਦੇ ਸਾਹਿਤ ਦੇ ਵਿਕਾਸਕ੍ਰਮ ਦਾ ਬਿਉਰਾ ਤਿਆਰ ਕਰਨਾ ਹੈ।

ਕਾਰਨ (R) ਸਾਹਿਤ ਦੇ ਵਿਕਾਸਕਾਰਾਂ ਨੂੰ ਉਲੀਕਣ ਲਈ ਇਸ ਨੂੰ ਵੱਖ-ਵੱਖ ਕਾਲਖੰਡਾਂ ਵਿਚ ਵੰਡ ਕੇ ਦੇਖਿਆ ਜਾਣਾ ਜ਼ਰੂਰੀ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਅਤੇ (R) ਦੋਵੇਂ ਗ਼ਲਤ ਹਨ।
B) (A) ਸਹੀ ਹੈ ਅਤੇ (R) ਗ਼ਲਤ ਹੈ।
C) (A) ਅਤੇ (R) ਦੋਵੇਂ ਸਹੀ ਹਨ।
D) (A) ਆਂਸ਼ਿਕ ਰੂਪ ਵਿਚ ਸਹੀ ਹੈ (R) ਗ਼ਲਤ ਹੈ।

54. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਉਤਰ ਸੰਰਚਨਾਵਾਦ | 1. ਐਡਵਰਡ ਸਈਦ |
| b) ਉਤਰ ਆਧੁਨਿਕਵਾਦ | 2. ਫਰੈਡਰਿਕ ਜੇਮਸਨ |
| c) ਉਤਰ ਬਸਤੀਵਾਦ | 3. ਜੂਡੀਅਥ ਬਟਲਰ |
| d) ਉਤਰ ਨਾਰੀਵਾਦ | 4. ਯੱਕ ਦੈਰਿਦਾ |

| | a | b | c | d |
|---|---|---|---|---|
| A) | 1 | 2 | 4 | 3 |
| B) | 2 | 3 | 4 | 1 |
| C) | 4 | 3 | 2 | 1 |
| D) | 4 | 2 | 1 | 3 |



Scanned with CamScanner

55. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

ਸੂਚੀ - I
a) ਜਗਬੀਰ ਸਿੰਘ
b) ਸੁਤਿੰਦਰ ਸਿੰਘ ਨੂਰ
c) ਤੇਜਵੰਤ ਸਿੰਘ ਗਿੱਲ
d) ਜੋਗਿੰਦਰ ਸਿੰਘ ਰਾਹੀ

ਸੂਚੀ - II
1. ਪੰਜਾਬੀ ਭਾਸ਼ਾ ਤੇ ਸਾਹਿਤ
2. ਮਸਲੇ ਗ਼ਲਪ ਦੇ
3. ਕਵਿਤਾ ਦੀ ਭੂਮਿਕਾ
4. ਮੱਧਕਾਲੀ ਸ਼ਬਦ ਸਭਿਆਚਾਰ

| | a | b | c | d |
|---|---|---|---|---|
| A) | 1 | 4 | 3 | 2 |
| B) | 1 | 3 | 4 | 2 |
| C) | 4 | 3 | 2 | 1 |
| D) | 4 | 3 | 1 | 2 |

56. ਸਾਹਿਤ ਚਿੰਤਕ ਏਜਾਜ਼ ਅਹਿਮਦ ਦਾ ਸੰਬੰਧ ਕਿਹੜੀਆਂ ਆਲੋਚਨਾ ਪ੍ਰਣਾਲੀਆਂ ਨਾਲ ਜੋੜਿਆ ਜਾ ਸਕਦਾ ਹੈ :-
A) ਮਾਰਕਸਵਾਦੀ, ਰੂਪਵਾਦੀ
B) ਮਾਰਕਸਵਾਦੀ, ਉਤਰ ਬਸਤੀਵਾਦੀ
C) ਮਨੋਵਿਸ਼ਲੇਸ਼ਣ, ਉਤਰ ਆਧੁਨਿਤਾਕਵਾਦ
D) ਮਨੋਵਿਸ਼ਲੇਸ਼ਣਵਾਦੀ, ਉਤਰ ਬਸਤੀਵਾਦੀ

57. 'ਦ ਲੋਕੇਸ਼ਨ ਆਫ ਕਲਚਰ' ਦਾ ਲੇਖਕ ਹੈ :-
A) ਐਡਵਰਡ ਸਈਦ
B) ਫਰਾਂਸ ਫ਼ੈਨਨ
C) ਗਾਇਤਰੀ ਸਪੀਵਾਕ
D) ਹੋਮੀ ਭਾਬਾ

58. 'ਸਧਾਰਨੀਕਰਨ' ਦਾ ਸੰਬੰਧ ਹੈ :-
A) ਰੀਤੀ ਸਿਧਾਂਤ
B) ਰਸ ਸਿਧਾਂਤ
C) ਧੁਨੀ ਸਿਧਾਂਤ
D) ਅਲੰਕਾਰ ਸਿਧਾਂਤ

59. ਸਹੀ ਇਤਿਹਾਸਕ ਕ੍ਰਮ ਕਿਹੜਾ ਹੈ :-
A) ਯਥਾਰਥਵਾਦ, ਰੋਮਾਂਸਵਾਦ, ਉਤਰਆਧੁਨਿਕਤਾਵਾਦ, ਪ੍ਰਯੋਗਵਾਦ
B) ਉਤਰ ਆਧੁਨਿਕਤਾਵਾਦ, ਰੋਮਾਂਸਵਾਦ, ਯਥਾਰਥਵਾਦ, ਪ੍ਰਯੋਗਵਾਦ
C) ਰੋਮਾਂਸਵਾਦ, ਯਥਾਰਥਵਾਦ, ਪ੍ਰਯੋਗਵਾਦ, ਉਤਰ ਆਧੁਨਿਕਤਾਵਾਦ
D) ਰੋਮਾਂਸਵਾਦ, ਪ੍ਰਯੋਗਵਾਦ, ਯਥਾਰਥਵਾਦ, ਉਤਰਆਧੁਨਿਕਤਾਵਾਦ

60. ਪ੍ਰੋ. ਕਿਸ਼ਨ ਸਿੰਘ ਰਚਿਤ ਪੁਸਤਕਾਂ ਦਾ ਸਹੀ ਜੁੱਟ ਹੈ :-
i) ਸਾਹਿਤ ਦੀ ਸਮਝ
ii) ਸਾਹਿਤ ਮੁਲਾਂਕਣ
iii) ਸਾਹਿਤ ਦੇ ਸੋਮੇ
iv) ਸਾਹਿਤ ਸ਼ਾਸਤਰ

A) (i) ਅਤੇ (ii)
B) (i) ਅਤੇ (iii)
C) (ii) ਅਤੇ (iii)
D) (iii) ਅਤੇ (iv)



Scanned with CamScanner

61. ਕਥਨ (A) ਚਿਹਨ ਵਿਗਿਆਨਕ ਅਧਿਐਨ ਪ੍ਰਣਾਲੀ ਸਿਰਫ਼ ਭਾਸ਼ਾ ਦੇ ਅਧਿਐਨ ਤਕ ਸੀਮਤ ਨਹੀਂ ਬਲਕਿ ਇਹ ਹਰ ਮਨੁੱਖੀ ਵਰਤਾਰੇ ਦੇ ਅੰਤਰੀਵ ਵਿਚ ਪਏ ਅਰਥਾਂ ਦੀ ਵਿਆਖਿਆ ਉਸਾਰਨ ਵੱਲ ਰੁਚਿਤ ਹੈ।

ਕਾਰਨ (R) ਲੈਵੀਸਤ੍ਰਾਸ ਅਤੇ ਰੋਲਾਂ ਬਾਰਥ ਦੇ ਮਿੱਥ ਅਤੇ ਫੈਸ਼ਨ ਨਾਲ ਸੰਬੰਧਤ ਖੋਜ ਕਾਰਜਾਂ ਦਾ ਅਧਾਰ ਚਿਹਨ ਵਿਗਿਆਨਕ ਅਧਿਐਨ ਪ੍ਰਣਾਲੀ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਸਹੀ ਹੈ (R) ਗ਼ਲਤ ਹੈ।
B) (A) ਅਤੇ (R) ਦੋਵੇਂ ਸਹੀ ਹਨ।
C) (A) ਸਹੀ ਹੈ (R) ਅਾਂਸ਼ਿਕ ਸਹੀ ਹੈ
D) (A) ਅਤੇ (R) ਦੋਵੇਂ ਗ਼ਲਤ ਹਨ।

62. 18ਵੀਂ ਸਦੀ ਦੀ ਵਾਰਤਕ ਰਚਨਾ 'ਪੱਕੀ ਰੋਟੀ' ਦਾ ਸੰਬੰਧ ਕਿਸ ਨਾਲ ਹੈ ?

A) ਸਿੱਖ ਧਰਮ ਨਾਲ
B) ਹਿੰਦੂ ਧਰਮ ਨਾਲ
C) ਇਸਲਾਮ ਨਾਲ
D) ਕਿਸੇ ਨਾਲ ਵੀ ਨਹੀਂ

63. ਕਥਨ (A) ਸਾਹਿਤ ਵਿਚ ਵਾਰਤਕ ਨੂੰ ਆਮ ਤੌਰ 'ਤੇ ਤਰਕਯੁਕਤ ਅਤੇ ਵਿਚਾਰ ਪ੍ਰਧਾਨ ਰੂਪ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਮਨੋਭਾਵ ਅਤੇ ਕਲਪਨਾ ਨਾਲੋਂ ਬੁੱਧੀ ਤੇ ਨਿਆਇ ਉਪਰ ਵਧੇਰੇ ਬਲ ਹੁੰਦਾ ਹੈ।

ਕਾਰਣ (R) ਇਸੇ ਲਈ ਸਮਾਜ ਤੇ ਸਭਿਅਤਾ ਦੇ ਵਿਕਾਸ ਅਤੇ ਮਨੁੱਖੀ ਚਿੰਤਨ ਦੇ ਪ੍ਰਫੁੱਲਤ ਹੋਣ ਨਾਲ ਵਾਰਤਕ ਰੂਪ ਦਾ ਵਧੇਰੇ ਵਿਕਾਸ ਹੋਇਆ ਹੈ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

A) (A) ਅਤੇ (R) ਦੋਵੇਂ ਸਹੀ ਹਨ।
B) (A) ਸਹੀ ਹੈ (R) ਗ਼ਲਤ ਹੈ।
C) (A) ਅਾਂਸ਼ਕ ਸਹੀ ਹੈ (R) ਸਹੀ ਹੈ।
D) (A) ਗ਼ਲਤ ਹੈ (R) ਸਹੀ ਹੈ।

64. ਹਰਭਜਨ ਹਲਵਾਰਵੀ ਰਚਿਤ ਸਫ਼ਰਨਾਮਿਆਂ ਦਾ ਸਹੀ ਜੁੱਟ ਹੈ :

A) ਮਹਾਂਸਾਗਰ ਤੋਂ ਪਾਰ, ਮੇਰੀ ਅਮਰੀਕਾ ਫੇਰੀ
B) ਚੀਨ ਵਿਚ ਕੁਝ ਦਿਨ, ਇੰਗਲੈਂਡ ਦਾ ਸਫ਼ਰਨਾਮਾ
C) ਚੀਨ ਵਿਚ ਕੁੱਝ ਦਿਨ, ਯਾਦਾਂ ਮਿੱਤਰ ਦੇਸ਼ ਦੀਆਂ
D) ਲੰਡਨ ਦੀ ਸੈਰ, ਜੜ੍ਹਾਂ ਦੀ ਪਰਿਕਰੋਮਾ



Scanned with CamScanner

65. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

ਸੂਚੀ - I
a) ਮਿਤ੍ਰ ਅਸਾਡੇ ਸੋਈ
b) ਤਕੀਏ ਦਾ ਪੀਰ
c) ਕਿਰਮਚੀ ਲਕੀਰਾਂ
d) ਸਿਰਨਾਵੇਂ ਮਿੱਤਰਾਂ ਦੇ

ਸੂਚੀ - II
1. ਅਜੀਤ ਕੌਰ
2. ਕੁਲਬੀਰ ਸਿੰਘ ਕਾਂਗ
3. ਜੀਤ ਸਿੰਘ ਸੀਤਲ
4. ਅੰਮ੍ਰਿਤਾ ਪ੍ਰੀਤਮ

| | a | b | c | d |
|---|---|---|---|---|
| A) | 1 | 3 | 2 | 4 |
| B) | 2 | 4 | 3 | 1 |
| C) | 3 | 1 | 4 | 2 |
| D) | 4 | 2 | 1 | 3 |

66. ਬਲਵੰਤ ਗਾਰਗੀ ਰਚਿਤ ਪੁਸਤਕ 'ਨਿੰਮ ਦੇ ਪੱਤੇ' ਵਿਚ ਕਿੰਨੇ ਰੇਖਾ ਚਿੱਤਰ ਸ਼ਾਮਲ ਹਨ :-

A) 9
B) 10
C) 12
D) 8

67. ਪੰਜਾਬੀ ਸਫ਼ਰਨਾਮੇ ਮੁਖ ਤੌਰ 'ਤੇ ਪ੍ਰਵਿਰਤੀ ਦੇ ਹਨ :-

a) ਗਿਆਨਪਰਕ, ਸੂਚਨਾਪਰਕ
b) ਜੀਵਨੀਪਰਕ, ਵਿਅਕਤੀਪਰਕ
c) ਵਿਸ਼ਲੇਸ਼ਣਾਤਮਕ, ਤੁਲਨਾਤਮਕ
d) ਵਿਅਕਤੀਪਰਕ, ਚਿੰਤਨਪਰਕ

ਉਪਰੋਕਤ ਚੋਂ ਕਿਹੜਾ ਸਹੀ ਹੈ।

A) a ਅਤੇ c
B) a ਅਤੇ d
C) b ਅਤੇ c
D) c ਅਤੇ d

68. ਸੰਤ ਸਿੰਘ ਸੇਖੋਂ ਰਚਿਤ ਨਾਟਕਾਂ ਦਾ ਸਹੀ ਜੁੱਟ ਹੈ :-

A) ਮੋਇਆਂ ਸਾਰ ਨਾ ਕਾਈ, ਮਿਤਰ ਪਿਆਰਾ
B) ਰਾਜਾ ਪੋਰਸ, ਵਾਰਸ
C) ਬੇੜਾ ਬੰਧ ਨਾ ਸਕਿਓ, ਰਾਣੀ ਜਿੰਦਾਂ
D) ਬਾਦਸ਼ਾਹ ਦਰਵੇਸ਼, ਬੰਦਾ ਬਹਾਦਰ

69. ਨਿਮਨਲਿਖਿਤ ਚੋਂ ਕਿਹੜਾ ਕਾਵਿ ਨਾਟਕ ਨਹੀਂ ਹੈ।

A) ਫਰਹਾਦ
B) ਮਹਾਂਪੰਡਿਤ ਚਾਰਵਾਕ
C) ਦਰ ਦੀਵਾਰ
D) ਦੇਖ ਕਬੀਰਾ ਰੋਇਆ



Scanned with CamScanner

70. ਕਥਨ (A) ਦੁਖਾਂਤ ਇਕ ਸੂਖਮ ਪ੍ਰਕਾਰ ਦਾ ਗੰਭੀਰ ਨਾਟਕ ਹੈ ਇਸ ਵਿਚ ਅੱਧ ਭੌਤਿਕ ਪਾਤਰਾਂ ਦੇ ਹੁੰਦਿਆਂ ਵੀ ਮਨੁੱਖੀ ਪਾਤਰਾਂ ਦੀ ਪ੍ਰਧਾਨਤਾ ਹੁੰਦੀ ਹੈ।

ਕਾਰਣ (R) ਤਾਂ ਹੀ ਨੇਕ ਮਨੁੱਖ ਨੂੰ ਕੇਵਲ ਸੁਖ ਪ੍ਰਾਪਤ ਹੁੰਦਾ ਹੈ ਅਤੇ ਪਾਪੀ ਦੁੱਖ ਭੋਗਦਾ ਹੈ।

ਉਪਰੋਕਤ ਚੋਂ ਕਿਹੜਾ ਸਹੀ ਹੈ।

A) (A) ਅਤੇ (R) ਦੋਵੇਂ ਸਹੀ ਹਨ।
B) (A) ਆਂਸ਼ਿਕ ਸਹੀ ਹੈ, (R) ਸਹੀ ਹੈ।
C) (A) ਸਹੀ ਹੈ, (R) ਆਂਸ਼ਿਕ ਸਹੀ ਹੈ।
D) (A) ਅਤੇ (R) ਦੋਵੇਂ ਗ਼ਲਤ ਹਨ।

71. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਨਾਟਕੀ ਸਾਹਿਤ | 1. ਸੁਰਜੀਤ ਸਿੰਘ ਸੇਠੀ |
| b) ਨਾਟਕ ਕਲਾ | 2. ਰੋਸ਼ਨ ਲਾਲ ਆਹੂਜਾ |
| c) ਲੋਕ ਨਾਟਕ | 3. ਨਵਨਿੰਦਰ ਬਹਿਲ |
| d) ਨਾਟ ਸ਼ਾਸਤਰ | 4. ਬਲਵੰਤ ਗਾਰਗੀ |

| | a | b | c | d |
|---|---|---|---|---|
| A) | 3 | 1 | 4 | 2 |
| B) | 2 | 4 | 1 | 3 |
| C) | 1 | 3 | 2 | 4 |
| D) | 4 | 2 | 3 | 1 |

72. ਹੇਠ ਲਿਖਿਆਂ ਕਿੱਸਿਆਂ ਵਿਚੋਂ ਕਿਹੜਾ ਕਿੱਸਾ ਹਾਸ਼ਮ ਦੀ ਰਚਨਾ ਨਹੀਂ ਹੈ।

A) ਹੀਰ ਰਾਂਝਾ
B) ਸੱਸੀ ਪੁੰਨੂੰ
B) ਸ਼ੀਰੀ ਫਰਿਹਾਦ
D) ਸੋਹਣੀ ਮਹੀਂਵਾਲ

73. ਪੰਜਾਬੀ ਕਿੱਸਾ ਕਾਵਿ ਕਿਹੜੇ ਸੋਮਿਆਂ ਤੋਂ ਪ੍ਰਭਾਵਿਤ ਨਹੀਂ ਹੈ।

i) ਮਸਨਵੀ
ii) ਜਾਤਕ ਕਥਾਵਾਂ
iii) ਪੰਚਤੰਤਰ
iv) ਕੁਰਾਨ ਸ਼ਰੀਫ਼

A) (i) ਅਤੇ (ii)
B) (ii) ਅਤੇ (iii)
C) (iii) ਅਤੇ (iv)
D) (i) ਅਤੇ (iv)



Scanned with CamScanner

74. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | | ਸੂਚੀ - II |
|---|---|---|
| a) ਦੀਵਾਨ ਸਿੰਘ | 1. | ਸੱਸੀ ਹਾਸ਼ਮ |
| b) ਜੀਤ ਸਿੰਘ ਸੀਤਲ | 2. | ਹੀਰ ਵਾਰਿਸ |
| c) ਪਿਆਰਾ ਸਿੰਘ ਪਦਮ | 3. | ਕਲੀਆਂ ਵਾਲੀ ਹੀਰ |
| d) ਗੁਰਦੇਵ ਸਿੰਘ | 4. | ਹੀਰ ਦਮੋਦਰ |

| | a | b | c | d |
|---|---|---|---|---|
| A) | 1 | 2 | 3 | 4 |
| B) | 1 | 3 | 2 | 4 |
| C) | 1 | 2 | 4 | 3 |
| D) | 4 | 2 | 3 | 1 |

75. ਕਥਨ (A) ਪੰਜਾਬੀ ਵਾਰ ਕਾਵਿ ਦੀਆਂ ਰੂਪਾਤਮਕ ਵੰਨਗੀਆਂ ਦਾ ਇਕ ਅਹਿਮ ਪੱਖ ਹੈ ਕਿ ਇਸ ਵਿਚ ਬੀਰ ਰਸੀ ਵਾਰਾਂ ਤੋਂ ਇਲਾਵਾ ਅਧਿਆਤਮਕ ਸ਼ਾਂਤ ਰਸੀ ਅਤੇ ਨੈਤਿਕ-ਦਾਰਸ਼ਨਿਕ ਵਾਰਾਂ ਵੀ ਮਿਲਦੀਆਂ ਹਨ।

ਕਾਰਨ (R) ਪਰੰਤੂ ਪੰਜਾਬੀ ਸਭਿਆਚਾਰ ਦੇ ਵਿਆਪਕ ਘੇਰੇ ਵਿਚ ਇਹਨਾਂ ਰੂਪਾਤਮਕ ਵੰਨਗੀਆਂ ਅੰਦਰ ਕਿਸੇ ਕਿਸਮ ਦਾ ਸੰਵਾਦ ਨਹੀਂ ਉਸਰ ਸਕਿਆ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

A) (A) ਅਤੇ (R) ਦੋਵੇਂ ਸਹੀ ਹਨ।
B) (A) ਸਹੀ ਹੈ (R) ਗ਼ਲਤ ਹੈ।
C) (A) ਅਤੇ (R) ਦੋਵੇਂ ਗ਼ਲਤ ਹਨ।
D) (A) ਗ਼ਲਤ ਹੈ (R) ਸਹੀ ਹੈ।

76. ਪੰਜਾਬੀ ਭਾਸ਼ਾ ਦਾ ਪਹਿਲਾ ਵਿਆਕਰਨ ਕਿਸਨੇ ਲਿਖਿਆ ?

A) ਹਰਕੀਰਤ ਸਿੰਘ
B) ਵਿਲੀਅਮ ਕੇਰੀ
C) ਰਾਮ ਸਿੰਘ
D) ਹਰਦੇਵ ਬਾਹਰੀ

77. ਹੇਠਾਂ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | | ਸੂਚੀ - II |
|---|---|---|
| a) ਦੁਨੀਆਂ ਕਦੋਂ ਬਣੀ ਹੈ ? | 1. | ਵਿਧੀ ਵਾਚਕ |
| b) ਉਹ ਕਿੱਥੇ ਗਿਆ ਹੈ ? | 2. | ਕਾਰਕ ਸੂਚਕ |
| c) ਤੁਸੀਂ ਉਸ ਦੇ ਘਰ ਕਿਉਂ ਗਏ ? | 3. | ਕਾਲ ਸੂਚਕ |
| d) ਅਸੀਂ ਗੁਜ਼ਾਰਾ ਕਿਵੇਂ ਕਰਾਂਗੇ ? | 4. | ਸਥਾਨ ਸੂਚਕ |

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

| | a | b | c | d |
|---|---|---|---|---|
| A) | 3 | 4 | 2 | 1 |
| B) | 2 | 3 | 4 | 1 |
| C) | 1 | 3 | 4 | 2 |
| D) | 4 | 2 | 1 | 3 |



Scanned with CamScanner

78. ਕਥਨ (A) ਭਾਰਤੀ ਭਾਸ਼ਾ ਪਰਿਵਾਰ ਵਿਚ ਪੰਜਾਬੀ ਹੀ ਇਕੋ-ਇਕ ਸੁਰਾਤਮਿਕ ਭਾਸ਼ਾ ਹੈ। ਸੁਰ ਪੰਜਾਬੀ ਭਾਸ਼ਾ ਦਾ ਪਛਾਣ-ਚਿੰਨ੍ਹ ਹੈ।

ਕਾਰਨ (R) ਪੰਜਾਬੀ ਵਿਚ ਸੁਰਾਂ ਦਾ ਵਿਕਾਸ ਨਾਦੀ (ਘੋਸ਼) ਮਹਾਂਪ੍ਰਾਣ ਧੁਨੀਆਂ ਦੇ ਲੋਪ ਨਾਲ ਅਤੇ /ਹ/ ਦੇ ਆਪਣੇ ਨੇੜੇ ਦੀਆਂ ਸਵਰ ਧੁਨੀਆਂ ਦੇ ਪ੍ਰਭਾਵ ਤੋਂ ਮੰਨਿਆ ਜਾਂਦਾ ਹੈ।

ਉਪਰੋਕਤ ਚੋਂ ਕਿਹੜਾ ਸਹੀ ਹੈ :

A) (A) ਪੂਰਨ ਗ਼ਲਤ ਹੈ, (R) ਆਂਸ਼ਿਕ ਸਹੀ ਹੈ।
B) (A) ਅਤੇ (R) ਦੋਵੇਂ ਸਹੀ ਹੈ।
C) (A) ਆਂਸ਼ਿਕ ਸਹੀ ਹੈ, (R) ਪੂਰਨ ਸਹੀ ਹੈ।
D) (A) ਆਂਸ਼ਿਕ ਸਹੀ ਹੈ, (R) ਆਂਸ਼ਿਕ ਸਹੀ ਹੈ।

79. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਬਾਬਾ ਫਰੀਦ | 1. ਕਾਫ਼ੀਆਂ |
| b) ਬੁੱਲ੍ਹੇ ਸ਼ਾਹ | 2. ਸ਼ਲੋਕ |
| c) ਵਜੀਦ | 3. ਸੀਹਰਫ਼ੀ |
| d) ਸੁਲਤਾਨ ਬਾਹੂ | 4. ਡਿਓਢਾਂ |

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

| | a | b | c | d |
|---|---|---|---|---|
| A) | 2 | 1 | 4 | 3 |
| B) | 1 | 2 | 3 | 4 |
| C) | 3 | 2 | 4 | 1 |
| D) | 4 | 3 | 2 | 1 |

80. ਹਜ਼ਰਤ ਸਾਈਂ ਬੁੱਲ੍ਹੇ ਸ਼ਾਹ ਨਾਲ ਸੰਬੰਧਿਤ ਜਾਣਕਾਰੀ ਵਾਲਾ ਕਿਹੜਾ ਜੁੱਟ ਹੈ ?

ੳ) ਸ਼ਾਹ ਇਨਾਇਤ - (1680 - 1758 ਈ.)
ਅ) ਖ਼ਵਾਜਾ ਬਖ਼ਤਿਆਰ ਕਾਕੀ - (1173 - 1265 ਈ.)
ੲ) ਸ਼ੇਖ਼ ਬਹਿਲੋਲ - 1539 - 1599 ਈ.)
ਸ) ਹਜ਼ਰਤ ਅਬਦੁਰ ਰਹਿਮਾਨ ਕਾਦਿਰੀ - (1631 - 1691 ਈ.)

81. ਕਥਨ (A) ਤਸੱਵੁਫ਼ ਰੱਬੀ ਗਿਆਨ ਦਾ ਸਮਾਨਾਰਥਕ ਹੈ

ਕਾਰਣ (R) ਸੂਫ਼ੀ ਵਿਚਾਰਧਾਰਾ ਵਿਚ ਕਾਮ ਵਾਸਨਾ ਦਾ ਤਿਆਗ ਕਰਕੇ ਇਸ ਜੀਵੰਤ ਜਾਂਚ ਨੂੰ ਸਿੱਖਿਆ ਜਾ ਸਕਦਾ ਹੈ।

ਉਪਰੋਕਤ ਚੋਂ ਕਿਹੜਾ ਸਹੀ ਹੈ :

A) (A) ਅਤੇ (R) ਦੋਵੇਂ ਗ਼ਲਤ ਹਨ।
B) (A) ਅਤੇ (R) ਦੋਵੇਂ ਸਹੀ ਹਨ।
C) (A) ਗ਼ਲਤ ਹੈ ਤੇ (R) ਸਹੀ ਹੈ।
D) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ।

82. ਸੂਫੀ ਕਵੀਆਂ ਨੇ ਰੱਬੀ ਇਸ਼ਕ ਨੂੰ ਪ੍ਰਤੀਬਿੰਬਤ ਕਰਨ ਲਈ ਦੁਨਿਆਵੀ ਰਿਸ਼ਤਿਆਂ ਦੇ ਕਿਹੜੇ ਜੁੱਟ ਪ੍ਰਯੋਗ ਕੀਤੇ ਹਨ ?

i) ਦੋਸਤ-ਸਹੇਲੀ
ii) ਪਤੀ-ਪਤਨੀ
iii) ਗੁਰੂ-ਬ੍ਰਹਮ
iv) ਹੀਰ-ਰਾਂਝਾ

A) (i) ਤੇ (ii)
B) (iii) ਤੇ (iv)
C) (ii) ਤੇ (iv)
D) (ii) ਤੇ (iii)



Scanned with CamScanner

83. ਕਾਰਲ ਮਾਰਕਸ, ਏਂਗਲਜ਼, ਟੈਰੀ ਈਗਲਟਨ ਦਾ ਸੰਬੰਧ, ਕਿਸ ਪ੍ਰਣਾਲੀ ਨਾਲ ਹੈ :
A) ਮਾਰਕਸਵਾਦੀ
B) ਸੰਰਚਨਾਵਾਦੀ
C) ਉੱਤਰ ਆਧੁਨਿਕ
D) ਥੀਮ-ਵਿਗਿਆਨਕ

84. ਵਰਣਾਂ ਉੱਤੇ ਆਧਾਰਤ ਕਾਵਿ-ਰੂਪਾਕਾਰ ਹਨ :
A) ਸੀਹਰਫ਼ੀ, ਬਾਵਨ ਅੱਖਰੀ, ਪੈਂਤੀ ਅੱਖਰੀ
B) ਅਲਾਹੁਣੀ, ਬਾਰਾਮਾਹ, ਸਤਵਾਰਾ
C) ਵਾਰ, ਕਿੱਸਾ, ਪੈਂਤੀ ਅੱਖਰੀ
D) ਬਾਵਨ ਅੱਖਰੀ, ਕਾਫ਼ੀ, ਸ਼ਲੋਕ

85. ਇਤਿਹਾਸਕ ਕ੍ਰਮ ਦੇ ਤੌਰ ਤੇ ਕਿਹੜਾ ਸਹੀ ਜੁੱਟ ਹੈ ?
A) ਚੰਡੀ ਦੀ ਵਾਰ - ਚੱਠਿਆਂ ਦੀ ਵਾਰ - ਵਾਰ ਨਾਦਰ ਸ਼ਾਹ
B) ਵਾਰ ਨਾਦਰ ਸ਼ਾਹ - ਚੱਠਿਆਂ ਦੀ ਵਾਰ - ਜੰਗਨਾਮ ਸ਼ਾਹ ਮੁਹੰਮਦ
C) ਵਾਰ ਨਾਦਰ ਸ਼ਾਹ - ਚੱਠਿਆਂ ਦੀ ਵਾਰ - ਚੰਡੀ ਦੀ ਵਾਰ
D) ਜੰਗਨਾਮਾ ਸ਼ਾਹ ਮੁਹੰਮਦ - ਵਾਰ ਨਾਦਰ ਸ਼ਾਹ - ਚੰਡੀ ਦੀ ਵਾਰ

86. ਮਹਾਂਕਾਵਿਕ ਸੰਭਾਵਨਾਵਾਂ ਵਾਲੀ ਰਚਨਾ ਹੈ :
A) ਸੱਸੀ ਪੁੰਨੂੰ - ਹਾਸ਼ਮ
B) ਮਿਰਜ਼ਾ ਸਾਹਿਬਾ - ਪੀਲੂ
C) ਹੀਰ - ਮੁਕਬਲ
D) ਹੀਰ - ਵਾਰਿਸ

87. ਹੇਠ ਦਿੱਤੀ ਸੂਚੀ ਦਾ ਮਿਲਾਨ ਕਰੋ :

| ਸੂਚੀ - I | ਸੂਚੀ - II |
|---|---|
| a) ਸਭਨਾ ਜਿੱਤੀਆਂ ਬਾਜ਼ੀਆਂ | 1. ਸੁਖਬੀਰ |
| b) ਗੋਰੀ | 2. ਗੁਰਦੇਵ ਸਿੰਘ ਰੁਪਾਣਾ |
| c) ਸੜਕਾਂ ਤੇ ਕਮਰੇ | 3. ਜੁਗਿੰਦਰ ਕੈਰੋਂ |
| d) ਅੱਗ ਦਾ ਗੀਤ | 4. ਕਰਮਜੀਤ ਕੁੱਸਾ |

ਉਪਰੋਕਤ ਵਿਚੋਂ ਕਿਹੜਾ ਸਹੀ ਹੈ।

| | a | b | c | d |
|---|---|---|---|---|
| A) | 4 | 1 | 2 | 3 |
| B) | 2 | 3 | 1 | 4 |
| C) | 1 | 2 | 4 | 3 |
| D) | 3 | 2 | 1 | 4 |

88. ਲੋਕਯਾਨਿਕ ਸਮੱਗਰੀ ਦੇ ਵਰਗੀਕਰਨ ਦਾ ਵਿਗਿਆਨ ਅਧਾਰ ਹੈ :
A) ਕਾਲਗਤ
B) ਵਿਸ਼ਾਗਤ
C) ਪ੍ਰਗਟਾਅ ਮਾਧਿਅਮ
D) ਰੂਪਗਤ

89. 'ਜਰਗ ਦੇ ਮੇਲੇ' ਦਾ ਸੰਬੰਧ ਹੈ :
A) ਸ਼ੀਤਲਾ ਦੇਵੀ ਨਾਲ
B) ਗੁੱਗੇ ਨਾਲ
C) ਮੁਸਲਮਾਨ ਫਕੀਰ ਨਾਲ
D) ਰੁੱਤ ਨਾਲ



Scanned with CamScanner

90. ਕਿਹੜੀ ਕਾਵਿ-ਪੁਸਤਕ ਡਾ. ਹਰਿਭਜਨ ਸਿੰਘ ਦੀ ਲਿਖੀ ਹੋਈ ਨਹੀਂ ਹੈ ?
A) ਮਾਵਾਂ ਧੀਆਂ
B) ਅਧਰੈਣੀ
C) ਅਧਵਾਟੇ
D) ਚੌਥੇ ਦੀ ਉਡੀਕ

91. ਪ੍ਰਯੋਗਵਾਦੀ ਕਵੀਆਂ ਦਾ ਕਿਹੜਾ ਜੁੱਟ ਸਹੀ ਹੈ :
A) ਜਸਬੀਰ ਸਿੰਘ ਆਹਲੂਵਾਲੀਆਂ, ਮੋਹਨ ਸਿੰਘ
B) ਰਵਿੰਦਰ ਰਵੀ, ਅਜਾਇਬ ਕਮਲ
C) ਜਸਬੀਰ ਆਹਲੂਵਾਲੀਆ, ਸੰਤ ਰਾਮ ਉਦਾਸੀ
D) ਅਜਾਇਬ ਕਮਲ, ਪਾਸ਼

92. ਹੇਠ ਲਿਖਿਆਂ ਚੋਂ ਕਿਹੜੀ ਕਿਤਾਬ ਕਵਿਤਾ ਦੀ ਨਹੀ ਹੈ :
A) ਨੀਲਕੰਠ
B) ਬਿਰਖ ਅਰਜ਼ ਕਰੇ
C) ਆਹਣ
D) ਕਾਲ ਪਹਿਰ ਘੜੀਆਂ

93. ਇਨ੍ਹਾਂ ਵਿਚੋਂ ਕਿਹੜਾ ਆਧੁਨਿਕ ਵਾਰਤਕ ਰੂਪਾਕਾਰ ਨਹੀਂ ਹੈ ?
A) ਸਵੈਜੀਵਨੀ
B) ਲਲਿਤ ਨਿਬੰਧ
C) ਪਰਚੀਆਂ
D) ਰੇਖਾ ਚਿੱਤਰ

94. 'ਅਜੀਤ' ਅਖ਼ਬਾਰ ਦਾ ਸੰਪਾਦਕ ਕੌਣ ਹੈ ?
A) ਬਰਜਿੰਦਰ ਸਿੰਘ ਹਮਦਰਦ
B) ਸਤਨਾਮ ਮਾਣਕ
C) ਜਗਜੀਤ ਸਿੰਘ ਆਨੰਦ
D) ਬਲਜੀਤ ਸਿੰਘ ਬੱਲੀ

95. 'ਨਿੰਮ ਦੇ ਪੱਤੇ' ਵਾਰਤਕ ਦੇ ਕਿਸ ਰੂਪਾਕਾਰ ਨਾਲ ਸਬੰਧਤ ਪੁਸਤਕ ਹੈ।
A) ਸਵੈਜੀਵਨੀ
B) ਰੇਖਾ ਚਿੱਤਰ
C) ਸਫ਼ਰਨਾਮਾ
D) ਲਲਿਤ ਨਿਬੰਧ

96. 'ਪੰਜਾਬੀ ਲੇਖਕ ਕੋਸ਼' ਦੇ ਰਚੈਤਾ ਹਨ :
A) ਹਰਕੀਰਤ ਸਿੰਘ
B) ਪ੍ਰੋ. ਪ੍ਰੀਤਮ ਸਿੰਘ
C) ਰਤਨ ਸਿੰਘ ਜੱਗੀ
D) ਪਰਮਿੰਦਰ ਸਿੰਘ

97. 'ਮੱਸਿਆ ਦੀ ਰਾਤ' ਨਾਟਕ ਕਿਸ ਦੀ ਰਚਨਾ ਹੈ ?
A) ਵਰਿਆਮ ਮਸਤ
B) ਸਾਹਿਬ ਸਿੰਘ
C) ਸਵਰਾਜਬੀਰ
D) ਕੇਵਲ ਧਾਲੀਵਾਲ

98. ਕਾਮਾਗਾਟਾ ਮਾਰੂ ਦੀ ਘਟਨਾ ਨਾਲ ਸਬੰਧਤ ਨਾਟਕ ਲਿਖਣ ਵਾਲੇ ਨਾਟਕਕਾਰਾਂ ਦਾ ਸਹੀ ਜੁੱਟ ਹੈ।
A) ਅਜਮੇਰ ਰੋਡੇ, ਰਵਿੰਦਰ ਰਵੀ
B) ਹਰਚਰਨ ਸਿੰਘ, ਗੁਰਦਿਆਲ ਸਿੰਘ ਫੁੱਲ
C) ਹਰਚਰਨ ਸਿੰਘ, ਅਜਮੇਰ ਰੋਡੇ
D) ਰਵਿੰਦਰ ਰਵੀ, ਗੁਰਦਿਆਲ ਸਿੰਘ ਖੋਸਲਾ

99. ਪੁਸਤਕ 'ਚਸ਼ਮਾ-ਏ-ਹਯਾਤ' ਦਾ ਲੇਖਕ ਹੈ -
A) ਫਿਰੋਜ਼ਦੀਨ ਸ਼ਰਫ਼
B) ਮੌਲਾ ਬਖਸ਼ ਕੁਸ਼ਤਾ
C) ਨਜ਼ਮ ਹੁਸੈਨ ਸੱਯਦ
D) ਮੋਹਨ ਸਿੰਘ ਦੀਵਾਨਾ

100. ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖੇ ਨਾਵਲਾਂ ਵਿਚੋਂ ਸਭ ਤੋਂ ਵੱਧ ਪੜ੍ਹਿਆ ਗਿਆ ਨਾਵਲ ਹੈ:
A) ਸੁੰਦਰੀ
B) ਚਿੱਟਾ ਲਹੂ
C) ਪਿਉ ਪੁੱਤਰ
D) ਲਹੂ ਮਿੱਟੀ



Scanned with CamScanner